# ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਅਤੇ ਰਿਜਨਲ ਕੈਂਪਸਾਂ ਦੀਆਂ ਵਹੀਕਲ ਸਟੈਂਡ ਲਈ ਫਾਰਮ/ਬਿਨੈ-ਪੱਤਰ

1) ਬਿਨੈਕਾਰ ਦਾ ਨਾਮ : ______________________

2) ਪਿਤਾ ਦਾ ਨਾਮ : ______________________

3) ਉਮਰ : ______________________

4) ਘਰ ਦਾ ਪਤਾ : ______________________

______________________

______________________

5) ਮੋਬਾਇਲ/ਟੈਲੀਫੋਨ ਨੰ. : ______________________

6) ਵਿਦਿਅਕ ਜਾਂ ਕਿਸੇ ਹੋਰ ਸੰਸਥਾ ਵਿਚ ਮੈਸ ਚਲਾਉਣ ਦਾ ਤਜ਼ਰਬਾ :

| ਕ੍ਰਮ ਨੰ. | ਸੰਸਥਾ ਦਾ ਨਾਮ | ਸਮਾਂ | |
|---|---|---|---|
| | | ਕਦੋਂ ਤੋਂ | ਕਦੋਂ ਤੱਕ |
| | | | |
| | | | |
| | | | |

**ਨੋਟ:- Experience Certificate ਨਾਲ ਨੱਥੀ ਕੀਤਾ ਜਾਵੇ।**

7) ਕਿਸ ਕੈਂਪਸ ਦੇ ਕਿਹੜੇ ਹੋਸਟਲ ਦੀ ਕਿਹੜੀ ਮੈਸ ਲੈਣ ਦੇ ਚਾਹਵਾਨ ਹੋ ?:

______________________

8) ਕਿੰਨੀ License Fee/Financial Bid ਭਰਨ ਲਈ ਤਿਆਰ ਹੋ ? : ______________

9) **ਫਾਰਮ ਦੀ ਕੀਮਤ:-**

ਰਸੀਦ ਨੰਬਰ __________ ਮਿਤੀ __________

10) **ਜਮਾਨਤੀ ਰਕਮ:-**

ਡਰਾਫਟ ਨੰ. ________ ਰਕਮ ___________ ਮਿਤੀ ________

ਮੈਂ ਇਹ ਬਿਆਨ ਕਰਦਾ/ਕਰਦੀ ਹਾ ਕਿ ਮੈਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ ਹੈ ਅਤੇ ਨਾਂ ਹੀ ਮੈਨੂੰ ਕਿਸੇ ਵਿਭਾਗ/ਸੰਸਥਾ ਵੱਲੋਂ Debar/Blacklist ਕੀਤਾ ਗਿਆ ਹੈ।

*ਬਿਨੈਕਾਰ ਦੇ ਹਸਤਾਖਰ*

***ਫਾਰਮ ਦੀ ਕੀਮਤ 2,000/-ਰੁਪਏ***

**ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ ਗੁਰਦਾਸਪੁਰ ਅਤੇ ਯੂਨੀਵਰਸਿਟੀ ਕਾਲਜ ਜਲੰਧਰ ਦਾ ਵਹੀਕਲ ਸਟੈਂਡ ਦੀ ਅਲਾਟਮੈਂਟ ਸਬੰਧੀ ਸ਼ਰਤਾਂ**

1. ਵਹੀਕਲ ਸਟੈਂਡ ਦੀ ਅਲਾਟਮੈਂਟ ਸਬੰਧੀ ਇਸ਼ਤਿਹਾਰ ਅਖਬਾਰ ਵਿੱਚ ਛੱਪਣ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ-ਅੰਦਰ ਫਾਰਮ ਦਫ਼ਤਰ ਡੀਨ ਵਿਦਿਆਰਥੀ ਭਲਾਈ ਵਿਖੇ ਜਮ੍ਹਾਂ ਕਰਵਾਏ ਜਾਣ।
2. ਫਾਰਮ ਸੀਲਡ ਲਿਫਾਫੇ ਵਿਚ ਦਫ਼ਤਰ ਵਿਖੇ ਰਜਿਸਟਰਡ ਪੋਸਟ ਰਾਹੀਂ ਭੇਜਿਆ ਜਾਵੇਗਾ।
3. ਵਹੀਕਲ ਸਟੈਂਡ ਦੀ ਅਲਾਟਮੈਂਟ ਮਿਤੀ 01.07.2024 ਜਾਂ ਅਲਾਟਮੈਂਟ ਦੀ ਮਿਤੀ ਤੋਂ 30.06.2025 ਤੱਕ ਲਈ ਹੋਵੇਗੀ ਅਤੇ ਠੇਕੇਦਾਰ ਦੇ ਕੰਮ ਅਤੇ ਵਿਵਹਾਰ ਨੂੰ ਮੁੱਖ ਰਖਦੇ ਹੋਏ ਅਗਲੇ 5 ਸਾਲਾਂ (Extendable upto 30.06.2029 ਤੱਕ) ਲਈ ਹਰ ਸਾਲ 5% ਕਿਰਾਏ ਵਿੱਚ ਵਾਧਾ ਕਰਦੇ ਹੋਏ ਅਲਾਟਮੈਂਟ ਦੀ ਮਿਆਦ ਵਿੱਚ ਵਾਧਾ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ।
4. ਵਹੀਕਲ ਸਟੈਂਡ ਦੇ ਅਲਾਟੀਆਂ ਪਾਸੋਂ ਅਲਾਟਮੈਂਟ ਹੋਣ ਉਪਰੰਤ ਜਮਾਨਤੀ ਰਕਮ ਜਮ੍ਹਾਂ ਕਰਵਾਈ ਜਾਵੇਗੀ, ਜੋ ਬਿਨਾਂ ਵਿਆਜ ਵਾਪਸੀ ਯੋਗ ਹੋਵੇਗੀ।
5. ਵਹੀਕਲ ਸਟੈਂਡਾਂ ਦੀ ਜਮਾਨਤੀ ਰਕਮ ਦੋ ਹਜ਼ਾਰ ਰੁਪਏ ਹੈ।
6. ਸਾਰੇ ਅਲਾਟੀ ਛੇ-ਛੇ ਮਹੀਨਿਆਂ ਦਾ ਪੇਸ਼ਗੀ ਕਿਰਾਇਆ ਜਮ੍ਹਾਂ ਕਰਵਾਉਣਗੇ। ਇਕ ਛਿਮਾਹੀ ਖਤਮ ਹੋਣ ਤੋਂ ਪਹਿਲਾ ਦੂਸਰੀ ਛਿਮਾਹੀ ਦਾ ਪੇਸ਼ਗੀ ਕਿਰਾਇਆ ਜ਼ਰੂਰੀ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਅਲਾਟਮੈਂਟ ਕੈਂਸਲ ਕੀਤੀ ਜਾਵੇਗੀ।
7. ਵਹੀਕਲ ਸਟੈਂਡ ਦੇ ਅਲਾਟੀਆਂ ਵੱਲੋਂ ਆਪਣੇ ਪੱਧਰ ਤੇ ਸਾਰੇ ਬੁਆਇਜ਼ ਦੇ ਸ਼ਨਾਖਤੀ ਕਾਰਡ ਬਣਵਾਏ ਜਾਣਗੇ।
8. ਵਹੀਕਲ ਸਟੈਂਡ ਦੇ ਸਾਰੇ ਬੁਆਇਜ਼ ਸਾਫ ਸੁਥਰੇ ਕਪੜੇ ਪਾਉਣਗੇ।
9. ਵਹੀਕਲ ਸਟੈਂਡ ਦੇ ਅਲਾਟੀ ਵਹੀਕਲ ਸਟੈਂਡ ਨੂੰ ਸਾਫ ਸੁਥਰਾ ਰੱਖਣਗੇ।
10. ਹਰੇਕ ਅਲਾਟੀ ਨੂੰ ਵਹੀਕਲ ਸਟੈਂਡ ਤੇ ਖੁਦ ਬੈਠਣਾ ਲਾਜ਼ਮੀ ਹੋਵੇਗਾ।
11. ਵਹੀਕਲ ਸਟੈਂਡ ਦਾ ਸਮਾਂ ਸਵੇਰ 09.00 ਵਜੇ ਤੋਂ ਸ਼ਾਮ ਦੀਆਂ ਕਲਾਸਾਂ ਖਤਮ ਹੋਣ ਤੱਕ ਹੋਵੇਗਾ।
12. ਵਹੀਕਲ ਸਟੈਂਡ ਦਾ ਠੇਕੇਦਾਰ ਸਟਾਫ ਅਤੇ ਵਿਦਿਆਰਥੀਆਂ ਤੋਂ ਇਕ-ਇਕ ਮਹੀਨੇ ਦੇ ਹਿਸਾਬ ਨਾਲ ਪੈਸੇ ਲੈਣਗੇ।
13. ਵਹੀਕਲ ਸਟੈਂਡ ਦਾ ਠੇਕੇਦਾਰ ਯੂਨੀਵਰਸਿਟੀ ਗੈਸਟਸ ਅਤੇ ਸਰਕਾਰੀ ਡਿਊਟੀ ਤੇ ਆਏ ਹੋਏ ਅਧਿਆਪਕਾਂ ਤੋਂ ਉਨ੍ਹਾਂ ਦੇ ਵਹੀਕਲ ਲਈ ਕੋਈ ਪੈਸੇ ਚਾਰਜ ਨਹੀਂ ਕਰਨਗੇ।
14. ਵਹੀਕਲ ਸਟੈਂਡ ਠੇਕੇਦਾਰ ਪ੍ਰਵਾਨਤ ਰੇਟਾਂ ਅਨੁਸਾਰ ਹੀ ਰੇਟ ਚਾਰਜ ਕਰੇਗਾ।
15. ਸਟੈਂਡ ਤੇ ਖੜੇ ਸਕੂਟਰ/ਮੋਟਰ ਸਾਈਕਲ/ਕਾਰ ਦੇ ਗੁੰਮ ਹੋਣ ਜਾਂ ਇਸ ਦੇ ਕਿਸੇ ਕਿਸਮ ਦੇ ਨੁਕਸਾਨ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
16. ਵਹੀਕਲ ਸਟੈਂਡ ਦੇ ਠੇਕੇਦਾਰ ਨੂੰ ਇਸ ਨੂੰ ਅੱਗੇ ਸਬਲੇਟ ਕਰਨ ਦਾ ਅਧਿਕਾਰ ਨਹੀ ਹੋਵੇਗਾ।

ਨੋਟ: ਜਿਸ ਉਮੀਦਵਾਰ ਨੂੰ ਵਹੀਕਲ ਸਟੈਂਡ ਦੀ ਅਲਾਟਮੈਂਟ ਕਮੇਟੀ ਵੱਲੋਂ ਕੀਤੀ ਜਾਵੇਗੀ ਉਹ ਉਪਰੋਕਤ ਲਿਖੀਆਂ ਸ਼ਰਤਾਂ 25/- ਰੁਪਏ ਦੇ ਅਸ਼ਟਾਮ ਤੇ ਮੈਜਿਸਟ੍ਰੇਟ ਵਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਤਿਆਰ ਕਰਵਾ ਕੇ ਸਬੰਧਤ ਕੈਂਪਸ/ਕਾਲਜ ਦੇ ਦਫ਼ਤਰ ਵਿਖੇ ਜਮ੍ਹਾਂ ਕਰਵਾਏਗਾ।